# ਪੰਜਾਬ ਸਰਕਾਰ
# ਮਾਲ ਵਿਭਾਗ
# (ਭੌ ਮਾਲੀਆ ਸ਼ਾਖਾ)

ਸੇਵਾ ਵਿਖੇ,

ਰਾਜ ਦੇ ਸਮੂਹ ਡਿਪਟੀ ਕਮਿਸ਼ਨਰ।

ਮੀਮੋ ਨੰ: 25/89/99-ਭ.ਮ.2/70

ਚੰਡੀਗੜ੍ਹ ਮਿਤੀ 6.1.2000

**ਵਿਸ਼ਾ: ਇੰਤਕਾਲਾਂ ਦਾ ਫੈਸਲਾ ਸਮੇਂ ਸਿਰ ਕਰਨ ਬਾਰੇ।**

ਸਰਕਾਰ ਦੇ ਇਹ ਧਿਆਨ ਵਿੱਚ ਆਇਆ ਹੈ ਕਿ ਝਗੜੇ ਰਹਿਤ/ਝਗੜੇ ਅਧੀਨ ਇੰਤਕਾਲਾ ਦਾ ਫੈਸਲਾ ਸਮਾਂ-ਬੱਧ ਤੌਰ ਤੇ ਨਹੀ ਕੀਤਾ ਜਾਂਦਾ ਅਤੇ ਇਹ ਲੰਬੇ ਸਮੇ ਲਈ ਲੰਬਿਤ ਪਏ ਰਹਿੰਦੇ ਹਨ। ਇਸ ਸਬੰਧ ਵਿੱਚ ਆਪ ਦਾ ਧਿਆਨ ਪੰਜਾਬ ਲੈਂਡ ਰਿਕਾਰਡ ਮਨੂੰਅਲ ਦੇ ਪੈਰਾ 7.4 (vii) ਵਿੱਚ ਮੌਜੂਦ ਹੇਠ ਲਿਖੇ ਉਪਬੰਧ ਵੱਲ ਦੁਆਇਆ ਜਾਂਦਾ ਹੈ।

> "An uncontested mutation shall be attested by the Revenue Officer within a period of three months from the date of occurance of the event necessitating the mutation. For the disposal of the contested mutation this period shall not exceed six months from such date. The Patwari shall make the necessary entries in the mutation register within one month of the event necessitating the mutation and the attestation work shall be completed within the remaining period"

2. ਪ੍ਰਤੱਖ ਹੈ ਕਿ ਪੰਜਾਬ ਲੈਂਡ ਰਿਕਾਰਡਜ਼ ਮੈਨੂਅਲ ਦੇ ਉੱਕਤ ਉਪਬੰਧ ਦੀ ਇੰਨ-ਬਿੰਨ ਪਾਲਣਾ ਯਕੀਨੀ ਨਹੀ ਬਣਾਈ ਜਾ ਰਹੀ। ਕੁੱਲ ਸਥਿਤੀ ਧਿਆਨ ਵਿਚ ਰਖੱਦੇ ਹੋਏ ਇਹ ਫੈਸਲਾ ਕੀਤਾ ਗਿਆ ਹੈ ਕਿ ਹੁਣ ਲੰਬਿਤ ਇੰਤਕਾਲਾਂ ਦਾ ਨਿਪਟਾਰਾ, ਮੁਹਿੰਮ ਦੇ ਰੂਪ ਵਿੱਚ ਮਿਤੀ 31.1.2000 ਤੱਕ ਕੀਤਾ ਜਾਵੇ।

3. ਉਕਤ ਤੋਂ ਇਲਾਵਾ ਨਿਸ਼ਾਨਦੇਹੀ ਦੀਆਂ ਬਿਨੈ-ਪੱਤਰਾਂ ਦਾ ਨਿਪਟਾਰਾ ਵੀ ਉਪਰ ਨਿਸ਼ਚਿਤ ਮਿਤੀ ਤੱਕ ਕੀਤਾ ਜਾਵੇ।

ਸਹੀ/-
ਅਧੀਨ ਸਕੱਤਰ, ਪੰਜਾਬ ਸਰਕਾਰ
ਮਾਲ ਵਿਭਾਗ

ਪਿੱਠ ਅੰਕਣ ਨੰ: 25/89/99-ਭ.ਮ.2/71 ਚੰਡੀਗੜ੍ਹ, ਮਿਤੀ 6.1.2000

ਉਤਾਰਾ ਰਾਜ ਦੇ ਸਮੂਹ ਮੰਡਲ ਕਮਿਸ਼ਨਰਾ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ। ਇਹ ਬੇਨਤੀ ਕੀਤੀ ਜਾਂਦੀ ਹੇ ਕਿ ਉਕਤ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ।

ਸਹੀ/-
ਅਧੀਨ ਸਕੱਤਰ, ਪੰਜਾਬ ਸਰ
ਮਾਲ ਵਿਭਾਗ